# 2017 NOV.
# PUNJABI COMPULSORY

Time Allowed: 3 Hours　　　　　　　　　　　　　　Max. Marks: 35

ਨੋਟ— ਸਾਰੇ ਸਵਾਲ ਹੱਲ ਕਰਨੇ ਹਨ।

### ਭਾਗ—ੳ

I. ਹੇਠ ਲਿਖੀਆਂ ਕਹਾਣੀਆਂ ਵਿਚੋਂ ਕਿਸੇ *ਇਕ* ਕਹਾਣੀ ਦਾ ਸਾਰ ਲਿਖੋ—

(ੳ) ਭੇਤ ਵਾਲੀ ਗੱਲ

(ਅ) ਡੂੰਮ੍ਹ

(ੲ) ਜੀਉਣ ਜੋਗੇ।

https://questionpaperesult.com/

Scanned by CamScanner

ਜਾਂ

ਕੁਲਵੰਤ ਸਿੰਘ ਵਿਰਕ ਦੀ ਕਹਾਣੀ-ਕਲਾ ਬਾਰੇ ਚਰਚਾ ਕਰੋ। 5

II. ਸਬੰਧਿਤ ਕਹਾਣੀਆਂ ਦੇ ਸੰਦਰਭ ਵਿਚ ਦੋ ਪਾਤਰਾਂ ਦਾ ਪਾਤਰ-ਚਿਤਰਣ ਕਰੋ—

(ੳ) ਸ਼ਿੰਗਾਰਾ ਸਿੰਘ (ਇਕ ਬਾਲੜੀ ਦੋ ਪਤਾਸੇ)

(ਅ) ਮੇਜਰ ਚੱਢਾ (ਮੁਨ ਦੀ ਅੱਖ)

(ੲ) ਡੁੱਡਾ ਫ਼ੌਜੀ (ਜਿੱਥੋਂ ਸੂਰਜ ਉੱਗਦਾ ਹੈ)

(ਸ) ਕਰਮ ਸਿੰਘ (ਧਰਤੀ ਹੇਠਲਾ ਬੌਲਦ)

(ਹ) ਅਹੂਜਾ (ਇਕੀਵੀਂ ਸਦੀ)। 2×3=6

## ਭਾਗ—ਅ

III. ਕਿਸੇ *ਇਕ* ਵਿਸ਼ੇ 'ਤੇ ਨਿਬੰਧ ਲਿਖੋ—

(ੳ) ਨਸ਼ਾਂ-ਮੁਕਤ ਸਮਾਜ ਕਿਵੇਂ ਹੋਵੇ

(ਅ) ਸਵੱਛ ਭਾਰਤ

(ੲ) ਪੰਜਾਬੀ ਸਭਿਆਚਾਰ 'ਤੇ ਪੱਛਮੀ ਪ੍ਰਭਾਵ। 4

IV. ਉਚਾਰਨ ਸਥਾਨ ਦੇ ਆਧਾਰ ਉਤੇ ਪੰਜਾਬੀ ਧੁਨੀਆਂ ਦਾ ਵਰਗੀਕਰਣ ਕਰੋ।

ਜਾਂ

ਕਿਰਿਆ ਕਿਸ ਨੂੰ ਕਹਿੰਦੇ ਹਨ? ਇਸ ਦੀ ਕਿਸਮਾਂ ਦੱਸੋ ਅਤੇ ਇਹ ਵੀ ਸਮਝਾਓ ਕਿ ਪੰਜਾਬੀ ਭਾਸ਼ਾ ਵਿਚ ਕਿਰਿਆ ਦੇ ਰੁਪਾਂਤਰਣ ਦਾ ਕੀ ਆਧਾਰ ਹੈ? 5

## ਭਾਗ—ੲ

V. ਸਾਰੇ ਸਵਾਲਾਂ ਦੇ ਉੱਤਰ ਦਿਓ—

1. 'ਮੁੜ ਵਿਧਵਾ' ਕਹਾਣੀ ਦੇ ਆਧਾਰ 'ਤੇ ਦੱਸੋ ਕਿ ਕਿਵੇਂ ਮਨੁੱਖ ਕੇਵਲ ਸਾਲਾਂ ਵਿਚ ਹੀ ਨਹੀਂ, ਸਗੋਂ ਘੜੀਆਂ ਪਲਾਂ ਵਿਚ ਵੀ ਜ਼ਿੰਦਗੀ ਜੀਉਂਦਾ ਹੈ।
2. 'ਮੋਹੜੀ' ਕਿਸ ਕਹਾਣੀਕਾਰ ਦੀ ਰਚਨਾ ਹੈ?
3. ਰਜਨੀ ਸਕੂਲ ਵਿਚ ਦਾਖਲ ਹੋਣ ਆਈਆਂ ਬੱਚੀਆਂ ਦੇ ਮਾਪਿਆਂ ਕੋਲ ਬੱਚੀ ਦਾ ਕੀ ਨਾਂ ਰੱਖਣ ਦੀ ਤਜ਼ਵੀਜ਼ ਰੱਖਦੀ ਹੈ ਅਤੇ ਕਿਉਂ?
4. ਕਹਾਣੀ 'ਧਰਤੀ ਹੇਠਲਾ ਬੌਲਦ' ਦਾ ਸਿਰਲੇਖ ਕਹਾਣੀ ਦੇ ਵਿਸ਼ੇ ਅਨੁਸਾਰ ਕਿਵੇਂ ਢੁਕਵਾਂ ਹੈ?
5. 'ਇਕੀਵੀਂ ਸਦੀ' ਕਹਾਣੀ ਵਿਚ ਕੀ ਸੁਨੇਹਾ ਦਿਤਾ ਗਿਆ ਹੈ?
6. 'ਇਕ ਬਾਲੜੀ ਦੋ ਪਤਾਸੇ' ਕਹਾਣੀ ਦੇ ਲੇਖਕ ਦਾ ਨਾਂ ਦੱਸੋ।
7. 'ਮੋਹੜੀ' ਕਹਾਣੀ ਦਾ ਮੁੱਖ ਪਾਤਰ ਕਿਹੜਾ ਹੈ? ਉਹ ਆਪਣੀ ਕਲਪਨਾ ਵਿਚ ਕੀ ਦੇਖਦਾ ਹੈ?
8. ਸਹਾਇਕ ਕਿਰਿਆ ਕਿਸ ਨੂੰ ਕਹਿੰਦੇ ਹਨ? ਪੰਜਾਬੀ ਵਿਚ ਸਹਾਇਕ ਕਿਰਿਆ ਦਾ ਰੁਪਾਂਤਰਨ ਕਿਸ ਆਧਾਰ ਤੇ ਹੁੰਦਾ ਹੈ?
9. ਖੰਡੀ ਅਤੇ ਅਖੰਡੀ ਧੁਨੀਆਂ ਵਿਚ ਕੀ ਅੰਤਰ ਹੈ?



https://questionpaperesult.com/
Scanned by CamScanner

10. ਪੰਜਾਬੀ ਭਾਸ਼ਾ ਵਿਚ ਨਾਸਿਕ ਧੁਨੀਆਂ ਕਿਹੜੀਆਂ ਹਨ ਅਤੇ ਨਾਸਿਕਤਾ ਨੂੰ ਪ੍ਰਗਟਾਉਣ ਵਾਲੇ ਸਹਾਇਕ ਚਿੰਨ੍ਹ ਕਿਹੜੇ ਹਨ ਅਤੇ ਉਹਨਾਂ ਦੀ ਵਰਤੋਂ ਸਬੰਧੀ ਮਿਸਾਲ ਦੇ ਕੇ ਸਮਝਾਓ।
11. ਸਘੋਸ਼ ਮਹਾਂ-ਪ੍ਰਾਣ ਧੁਨੀਆਂ ਕਿਹੜੀਆਂ ਹਨ?
12. ਸਵਰ ਅਤੇ ਵਿਅੰਜਨ ਧੁਨੀਆਂ ਵਿਚ ਕੀ ਅੰਤਰ ਹੈ?
13. ਪੰਜਾਬੀ ਦੇ ਸਵਰ-ਵਾਹਕ ਕਿਹੜੇ ਹਨ? ਅਤੇ ਇਹ ਵੀ ਦੱਸੋ ਕਿ ਉਹ ਕਿਹੜੇ-ਕਿਹੜੇ ਸਵਰਾਂ ਦੇ ਵਾਹਕ ਬਣਦੇ ਹਨ?
14. ਦੁੱਤ ਵਿਅੰਜਨ ਕੀ ਹੁੰਦੇ ਹਨ? ਮਿਸਾਲ ਦਿਓ।
15. ਪੰਜਾਬੀ ਵਿਚ ਕੁੱਲ ਕਿੰਨੇ ਸਵਰ ਹਨ? ਮਿਸਾਲ ਦਿਓ ਤੇ ਸਮਝਾਓ।

15×1=15

https://questionpaperesult.com/

Scanned by CamScanner